ਹੈਲੋ ਮਾਪਿਓ, ਸਟਾਫ ਮੈਂਬਰੋ ਅਤੇ ਵਿਦਿਆਰਥੀਓ,

ਅਗਲੇ ਹਫਤੇ, ਪਹਿਲੀ ਜੂਨ ਨੂੰ ਸਾਡੇ ਜ਼ਿਲ੍ਹੇ ਅਤੇ ਸੂਬੇ ਭਰ ਦੇ ਪਰਿਵਾਰਾਂ ਨੂੰ ਸਕੂਲ ਵਾਪਸ ਆਉਣ ਦਾ ਮੌਕਾ ਮਿਲੇਗਾ। ਇਸ ਹਫਤੇ ਦਾ ਸੁਨੇਹਾ ਅਗਲੇ ਹਫਤੇ ਕਲਾਸਾਂ ਵਿੱਚ ਪੜ੍ਹਾਈ ਸ਼ੁਰੂ ਕਰਨ ਤੋਂ ਪਹਿਲਾਂ ਕੀਤੀਆਂ ਜਾਣ ਵਾਲੀਆਂ ਸਾਰੀਆਂ ਆਖਰੀ ਚੀਜ਼ਾਂ ਬਾਰੇ ਦੱਸਣ ਲਈ ਤਿਆਰ ਕੀਤਾ ਗਿਆ ਹੈ। ਇਸ ਹਫਤੇ ਦਾ ਸੁਨੇਹਾ ਮੈਂ ਪਿਛਲੇ ਕਈ ਹਫਤਿਆਂ ਦੀਆਂ ਸਥਿਤੀਆਂ ਨੂੰ ਯਾਦ ਕਰਕੇ ਸ਼ੁਰੂ ਕਰਨਾ ਚਾਹਾਂਗਾ।

ਕੋਵਿਡ-19 ਨਾਲ ਲੜ੍ਹਨ ਲਈ ਸਾਡੀ ਸਰਕਾਰ ਨੇ 17 ਮਾਰਚ ਨੂੰ ਕਲਾਸਾਂ ਵਿੱਚ ਪੜ੍ਹਾਈ ਨੂੰ ਮੁਲਤਵੀ ਕਰ ਦਿੱਤਾ ਅਤੇ 30 ਮਾਰਚ ਤੋਂ ਸਾਡੇ ਬਹੁਗਿਣਤੀ ਵਿਦਿਆਰਥੀ ਘਰਾਂ ਤੋਂ ਪੜ੍ਹਾਈ ਕਰ ਰਹੇ ਹਨ। ਸਕੂਲ ਖੁੱਲ੍ਹੇ ਸਨ, ਪਰ ਮੁੱਖ ਤੌਰ 'ਤੇ ਉਹ ਜ਼ਰੂਰੀ ਸੇਵਾਵਾਂ ਦੇਣ ਵਾਲੇ ਕਾਮਿਆਂ (ਐਸਿੰਸ਼ਿਅਲ ਸਰਵਿਸ ਵਰਕਰਜ਼) ਦੇ ਬੱਚਿਆਂ ਅਤੇ ਖਾਸ ਲੋੜਾਂ ਵਾਲੇ ਥੋੜ੍ਹੇ ਜਿਹੇ ਵਿਦਿਆਰਥੀਆਂ ਲਈ ਸਨ।

ਉਸ ਦਿਨ ਤੋਂ ਸਾਡੇ ਪ੍ਰਬੰਧ ਨੇ ਮੁਕੰਮਲ ਤੌਰ 'ਤੇ ਆਪਣੇ ਆਪ ਨੂੰ ਨਵੇਂ ਰੂਪ ਵਿੱਚ ਢਾਲ ਲਿਆ ਅਤੇ ਵਿਦਿਆਰਥੀ, ਮਾਪੇ, ਟੀਚਰ ਅਤੇ ਪਰਿਵਾਰ  ਵਰਚੂਅਲ ਤੌਰ 'ਤੇ ਜਾਂ ਦੂਰ ਤੋਂ ਸਿੱਖਣ ਲੱਗੇ। ਫਿਰ, 15 ਮਈ ਨੂੰ ਸਰਕਾਰ ਨੇ ਐਲਾਨ ਕੀਤਾ ਕਿ ਅਸੀਂ ਬੰਦਸ਼ਾਂ ਹਟਾਉਣ ਲਈ ਤਿਆਰ ਹਾਂ ਅਤੇ  ਸੀਮਤ ਰੂਪ ਵਿੱਚ ਸਕੂਲਾਂ ਵਿੱਚ ਵਾਪਸ ਆਉਣ ਦਾ ਵਕਤ ਆ ਗਿਆ ਹੈ ਅਤੇ ਪਹਿਲੀ ਜੂਨ ਤੋਂ ਸਕੂਲਾਂ ਵਿੱਚ ਹੋਰ ਬੱਚੇ ਆਉਣ ਸ਼ੁਰੂ ਹੋ ਜਾਣਗੇ।  ਇਹ ਅਗਲਾ ਪੜਾਅ ਸਾਡੇ ਸਕੂਲਾਂ ਨੂੰ ਖੋਲ੍ਹਣ ਦਾ ਅਤੇ ਸਤੰਬਰ ਵੱਲ ਦੇਖਣ ਦਾ ਮੌਕਾ ਹੈ ਜਦੋਂ ਅਸੀਂ ਹੋਰ ਜ਼ਿਆਦਾ ਗਿਣਤੀ ਵਿੱਚ ਵਿਦਿਆਰਥੀਆਂ ਨੂੰ ਬਿਲਡਿੰਗਾਂ ਵਿੱਚ ਦੇਖਣ ਦੀ ਉਮੀਦ ਕਰਦੇ ਹਾਂ।

ਇਹ ਅਗਲਾ ਪੜਾਅ ਕਿਸ ਤਰ੍ਹਾਂ ਦਾ ਹੋਵੇਗਾ?  ਸਾਡੇ ਸਕੂਲ ਅਤੇ ਸੰਸਥਾਂਵਾਂ ਬਹੁਤ ਹੱਦ ਤੱਕ ਇਸ ਤਰ੍ਹਾਂ ਦਾ ਪ੍ਰਭਾਵ ਦੇਣਗੀਆਂ ਕਿ ਅਸੀਂ ਅਜੇ ਵੀ ਮਹਾਂਮਾਰੀ ਵਿੱਚ ਹਾਂ ਅਤੇ ਸੰਪਰਕ ਨੂੰ ਘੱਟ ਤੋਂ ਘੱਟ ਕਰਨ ਦੀ ਕੋਸ਼ਿਸ਼ ਕਰ ਰਹੇ ਹਾਂ। ਇਸ ਲਈ ਜੇ ਤੁਸੀਂ ਸਕੂਲ ਨੂੰ ਵਾਪਸ ਆਉਣ ਦੀ ਚੋਣ  ਕਰਦੇ ਹੋ ਤਾਂ ਤੁਸੀਂ ਛੋਟੀਆਂ ਕਲਾਸਾਂ, ਬਿਲਡਿੰਗਾਂ ਵਿੱਚ ਘੱਟ ਵਿਦਿਆਰਥੀ, ਅਤੇ ਸਫਾਈ ਅਤੇ ਅਰੋਗਤਾ ਦੇ ਨਿਯਮਾਂ ਵਿੱਚ ਨਾਟਕੀ ਪੱਧਰ ਦਾ ਵਾਧਾ ਦੇਖਣ ਦੀ ਉਮੀਦ ਕਰ ਸਕਦੇ ਹੋ। ਇਹ ਸਭ ਕੁਝ ਕੋਵਿਡ 19 ਨੂੰ ਫੈਲਣ ਤੋਂ ਰੋਕਣ ਲਈ ਤਿਆਰ ਕੀਤਾ ਗਿਆ ਹੈ।

ਪਹਿਲਾ ਅਤੇ ਸਭ ਤੋਂ ਮਹੱਤਵਪੂਰਨ ਸੁਨੇਹਾ ਇਹ ਹੈ ਕਿ ਟੀਚਰਾਂ ਨੇ ਸਾਰੇ ਸਿੱਖਣ ਵਾਲਿਆਂ ਲਈ ਵਰਚੂਅਲ ਜਾਂ ਦੂਰੋਂ ਸਿੱਖਣ ਦਾ ਪ੍ਰੋਗਰਾਮ ਤਿਆਰ ਕੀਤਾ ਹੈ। ਪੜ੍ਹਾਈ ਦਾ ਕੁੱਝ ਹਿੱਸਾ ਦੁਬਾਰਾ ਕਲਾਸਾਂ ਵਿੱਚ ਕਰਾਉਣ ਦੇ ਇਸ ਸਮੇਂ ਦੌਰਾਨ ਵਰਚੂਅਲ ਪ੍ਰੋਗਰਾਮ ਮੁੱਖ ਪ੍ਰੋਗਰਾਮ ਰਹੇਗਾ। ਵਿਦਿਆਰਥੀ ਸਕੂਲ ਵਿੱਚ ਬਹੁਤ ਥੋੜ੍ਹੇ ਸਮੇਂ ਲਈ ਆਉਣਗੇ, ਇਸ ਲਈ ਜੂਨ ਵਿੱਚ ਘਰ ਵਿੱਚ ਪੜ੍ਹਾਈ ਕਰਨੀ ਜਾਰੀ ਰਹੇਗੀ।

ਸੂਬਾਈ ਸੇਧਾਂ ਅਨੁਸਾਰ, ਸਾਡੇ ਐਲੀਮੈਂਟਰੀ ਸਕੂਲਾਂ ਨੂੰ ਕਿਸੇ ਵੀ ਇਕ ਦਿਨ ਵਿੱਚ ਸਕੂਲ ਵਿੱਚ ਦਾਖਲ ਕੁੱਲ ਵਿਦਿਆਰਥੀਆਂ ਦਾ 50% ਹਿੱਸਾ ਸਕੂਲ ਵਿੱਚ ਲਿਆਉਣ ਦੀ ਆਗਿਆ ਹੈ। ਇਸ ਦਾ ਮਤਲਬ ਹੈ ਕਿ ਜੇ ਤੁਸੀਂ ਕਿੰਡਰਗਾਰਟਨ ਤੋਂ ਗ੍ਰੇਡ 5 ਵਿਚਕਾਰ ਹੋ, ਤਾਂ ਤੁਸੀਂ ਹਫਤੇ ਵਿੱਚ 2 ਦਿਨ ਆਪਣੀ ਅੱਧੀ ਕਲਾਸ ਨਾਲ ਹੋਣ ਦੀ ਉਮੀਦ ਕਰ ਸਕਦੇ ਹੋ। ਜੇ ਤੁਸੀਂ 6 ਜਾਂ 7 ਗ੍ਰੇਡ ਵਿੱਚ ਹੋ ਤਾਂ, ਤੁਸੀਂ ਹਫਤੇ ਵਿੱਚ ਇਕ ਦਿਨ ਆਪਣੀ ਅੱਧੀ ਕਲਾਸ ਦੇ ਨਾਲ ਹੋਵੋਗੇ।

ਸਾਡੇ ਸੈਕੰਡਰੀ ਸਕੂਲਾਂ ਵਿੱਚ ਸਾਨੂੰ ਕਿਸੇ ਵੀ ਇਕ ਦਿਨ ਵਿੱਚ ਆਪਣੇ ਸਕੂਲ ਦੇ ਕੁੱਲ ਵਿਦਿਆਰਥੀਆਂ ਦਾ 20% ਹਿੱਸਾ ਸਕੂਲ ਵਿੱਚ ਲਿਆਉਣ ਦੀ ਇਜਾਜ਼ਤ ਹੈ। ਗ੍ਰੇਡ 8-12 ਵਿਚਲੇ ਵਿਦਿਆਰਥੀ ਆਪਣੇ ਵਰਚੂਅਲ ਪ੍ਰੋਗਰਾਮ ਵਿੱਚ ਵਾਧੂ ਮਦਦ ਲੈਣ ਲਈ ਆਪਣੇ ਟੀਚਰਾਂ ਨੂੰ ਛੋਟੇ ਗਰੁੱਪਾਂ ਵਿੱਚ ਮਿਲ ਸਕਣਗੇ। ਤੁਸੀਂ ਪੂਰੇ ਦਿਨ ਲਈ ਸਕੂਲ ਨਹੀਂ ਆਉਗੇ, ਪਰ ਇਕ ਹਫਤੇ ਵਿੱਚ ਤੁਹਾਨੂੰ ਇਕ ਪੂਰੇ ਦਿਨ ਦੇ ਬਰਾਬਰ ਦੀਆਂ ਹਿਦਾਇਤਾਂ ਮਿਲਣਗੀਆਂ।

ਇਸ ਸਮੇਂ ਅਸੀਂ ਸਰਕਾਰ ਤੋਂ ਬੁੱਧਵਾਰ ਦੇ ਦਿਨ ਨੂੰ ਜ਼ਿਲ੍ਹੇ ਭਰ ਵਿੱਚ ਆਪਣੇ ਐਲੀਮੈਂਟਰੀ ਅਤੇ ਸੈਕੰਡਰੀ ਸਕੂਲਾਂ ਨੂੰ ਸਾਫ ਕਰਨ ਦੇ ਦਿਨ ਵੱਜੋਂ ਰੱਖਣ ਦੀ ਇਜਾਜ਼ਤ ਮੰਗੀ ਹੈ। ਇਸ ਤਰ੍ਹਾਂ ਸਕੂਲ ਵਿੱਚ 2 ਦਿਨ ਲਗਾਤਾਰ ਪੜ੍ਹਾਈ ਹੋਵੇਗੀ, ਫਿਰ ਸਫਾਈ ਦਾ ਦਿਨ ਆਵੇਗਾ, ਅਤੇ ਫਿਰ ਬਾਕੀ ਹਫਤੇ ਵਿੱਚ ਪੜ੍ਹਾਈ ਹੋਵੇਗੀ।

ਮਹਾਂਮਾਰੀ ਦੌਰਾਨ, ਸਰਕਾਰ ਦੀਆਂ ਮੁੱਖ ਪਹਿਲਾਂ ਵਿੱਚੋਂ ਇਕ ਪਹਿਲ ਜ਼ਰੂਰੀ ਸੇਵਾਵਾਂ ਦੇਣ ਵਾਲੇ ਕਾਮਿਆਂ (ਐਸਿੰਸ਼ਿਅਲ ਸਰਵਿਸਜ਼ ਵਰਕਰਜ਼)  ਦੇ ਬੱਚੇ ਅਤੇ ਖਾਸ ਲੋੜਾਂ ਵਾਲੇ ਬੱਚਿਆਂ ਸਮੇਤ ਉਹ ਬੱਚੇ ਸ਼ਾਮਲ ਸਨ ਜਿਹਨਾਂ ਨੂੰ ਵਾਧੂ ਮਦਦ ਦੀ ਲੋੜ ਹੈ। ਸਕੂਲ ਜ਼ਿਲ੍ਹੇ ਦੇ ਸਾਰੇ ਕਰਮਚਾਰੀਆਂ ਨੂੰ ਸ਼ਾਮਲ ਕਰਨ ਲਈ ਜ਼ਰੂਰੀ ਸੇਵਾਵਾਂ ਦੇਣ ਵਾਲੇ ਕਾਮਿਆਂ ਦੀ ਪ੍ਰੀਭਾਸ਼ਾ ਵਿੱਚ ਵਾਧਾ ਕਰ ਦਿੱਤਾ ਗਿਆ ਹੈ ਅਤੇ ਖਾਸ ਲੋੜਾਂ ਵਾਲੇ ਬੱਚਿਆਂ ਅਧੀਨ ਵੱਖ ਵੱਖ ਯੋਗਤਾਵਾਂ ਵਾਲੇ ਕਈ ਤਰ੍ਹਾਂ ਦੇ ਬੱਚੇ ਆਉਂਦੇ ਹਨ। ਵਾਧੂ ਮਦਦ ਦੀ ਲੋੜ ਵਾਲੇ

ਬੱਚਿਆਂ ਦੀ ਪ੍ਰੀਭਾਸ਼ਾ ਦਾ ਘੇਰਾ ਕਾਫੀ ਵੱਡਾ ਹੈ। ਖਾਸ ਲੋੜਾਂ ਵਾਲੇ ਬੱਚੇ, ਵਾਧੂ ਮਦਦ ਦੀ ਲੋੜ ਵਾਲੇ ਬੱਚੇ ਜਾਂ ਜ਼ਿਲ੍ਹੇ ਦੇ ਕਰਮਚਾਰੀਆਂ ਜਾਂ ਜ਼ਰੂਰੀ ਸੇਵਾਵਾਂ ਦੇਣ ਵਾਲੇ ਕਾਮਿਆਂ ਦੇ ਬੱਚੇ ਹਫਤੇ ਦੇ 5 ਦਿਨ ਸਕੂਲ ਆ ਸਕਦੇ ਹਨ। ਸਕੂਲ ਦੇ ਰੈਗੂਲਰ ਦਿਨਾਂ ਵਿੱਚ ਇਹ ਬੱਚੇ ਛੋਟੇ ਗੁਰੱਪਾਂ ਵਿੱਚ ਹੋਣਗੇ ਅਤੇ ਉਨ੍ਹਾਂ ਨੂੰ ਬੁੱਧਵਾਰ ਵਾਲੇ ਦਿਨ ਵਾਧੂ ਸਹਾਇਤਾ ਮਿਲੇਗੀ ਜਦੋਂ ਟੀਚਰ ਆਹਮੋ ਸਾਹਮਣੇ ਹੋ ਕੇ ਪੜ੍ਹਾਈ ਕਰਾਉਣ ਲਈ ਉਪਲਬਧ ਨਹੀਂ ਹੋਣਗੇ। ਆਉਣ ਵਾਲੇ ਦਿਨਾਂ ਵਿੱਚ ਸਕੂਲ ਇਨ੍ਹਾਂ ਪਰਿਵਾਰਾਂ ਨੂੰ ਉਨ੍ਹਾਂ ਦੇ ਸਮਿਆਂ ਬਾਰੇ ਅਤੇ ਉਮੀਦ ਕੀਤੀ ਸਹਾਇਤਾ ਬਾਰੇ ਹੋਰ ਵਿਸਥਾਰ ਵਿੱਚ ਜਾਣਕਾਰੀ ਦੇਣਗੇ। ਪਰ ਇਕ ਵਾਰ ਫਿਰ, ਖਾਸ ਲੋੜਾਂ ਵਾਲੇ ਬੱਚੇ, ਵਾਧੂ ਮਦਦ ਦੀ ਲੋੜ ਵਾਲੇ ਬੱਚੇ, ਅਤੇ ਸਕੂਲ ਜ਼ਿਲ੍ਹੇ ਦੇ ਕਰਮਚਾਰੀਆਂ ਦੇ ਬੱਚੇ ਜੇ ਚਾਹੁਣ ਤਾਂ ਹਫਤੇ ਦੇ 5 ਦਿਨ ਹੀ ਸਕੂਲ ਆ ਸਕਦੇ ਹਨ।

ਆਉਣ ਵਾਲੇ ਦਿਨਾਂ ਵਿੱਚ ਤੁਸੀਂ ਕਿਸ ਚੀਜ਼ ਦੀ ਉਮੀਦ ਕਰ ਸਕਦੇ ਹੋ? ਸ਼ਾਇਦ ਅੱਗੇ ਦਿੱਤੀਆਂ ਦੋ ਚੀਜ਼ਾਂ ਦੀ:

* ਪਹਿਲੀ- ਤੁਹਾਡੇ ਸਕੂਲ ਲਈ ਟਾਇਮਟੇਬਲ, ਐਲੀਮੈਂਟਰੀ ਸਕੂਲਾਂ ਲਈ ਸ਼ਾਇਦ ਸੋਮਵਾਰ/ਮੰਗਲਵਾਰ ਅਤੇ ਵੀਰਵਾਰ/ਸ਼ੁੱਕਰਵਾਰ ਨੂੰ ਇਕ ਦਿਨ ਛੱਡ ਕੇ, ਅਤੇ ਸੈਕੰਡਰੀ ਸਕੂਲਾਂ ਲਈ ਉਸ ਸਮੇਂ ਦੀ ਸੂਚੀ ਜਦੋਂ ਤੁਹਾਡਾ ਬੱਚਾ ਆਪਣੇ ਟੀਚਰ ਤੋਂ ਸੋਮਵਾਰ, ਮੰਗਲਵਾਰ, ਵੀਰਵਾਰ ਅਤੇ ਸ਼ੁੱਕਰਵਾਰ ਨੂੰ ਸਿੱਧੀ ਸਹਾਇਤਾ ਲੈ ਸਕੇਗਾ ।
* ਦੂਜੀ- ਇਕ ਸਰਵੇ ਜਿਸ ਵਿੱਚ ਤੁਹਾਨੂੰ ਪੁੱਛਿਆ ਜਾਵੇਗਾ ਕਿ ਕੀ ਇਹ ਤੁਹਾਡਾ ਪੱਕਾ ਫੈਸਲਾ ਹੈ ਕਿ ਤੁਹਾਡਾ ਬੱਚਾ ਸਕੂਲ ਨਹੀਂ ਆਵੇਗਾ। ਸਾਨੂੰ ਇਸ ਜਾਣਕਾਰੀ ਦੀ ਲੋੜ ਹੈ, ਕਿਉਂਕਿ ਅਸੀਂ ਸਾਰੇ ਬੱਚਿਆਂ ਲਈ ਯੋਜਨਾ ਬਣਾ ਰਹੇ ਹਾਂ, ਅਤੇ ਜੇ ਵਿਦਿਆਰਥੀ ਸਕੂਲ ਨਹੀਂ ਆਉਂਦਾ ਤਾਂ ਅਸੀਂ ਆਪਣੇ ਸੁਰੱਖਿਅਤ ਪਹੁੰਚਣ ਦੇ ਪ੍ਰੋਗਰਾਮਾਂ (ਸੇਫ ਅਰਾਈਵਲ ਪ੍ਰੋਗਰਾਮਜ਼) ਦੇ ਹਿੱਸੇ ਵੱਜੋਂ ਘਰ ਫੋਨ ਕਰਾਂਗੇ ਅਤੇ ਅਸੀਂ ਬੇਲੋੜੇ ਫੋਨ ਨਹੀਂ ਕਰਨਾ ਚਾਹੁੰਦੇ। ਅਸੀਂ ਇਹ ਵੀ ਜਾਣਨਾ ਚਾਹੁੰਦੇ ਹਾਂ ਕਿ ਕਿੰਨੇ ਵਿਦਿਆਰਥੀ ਸਕੂਲ ਆਉਣਗੇ ਤਾਂ ਕਿ ਅਸੀਂ ਬੱਸਾਂ ਦਾ ਪ੍ਰਬੰਧ ਕਰ ਸਕੀਏ।

ਤੁਹਾਡੇ ਬਹੁਤ ਸਾਰੇ ਸਵਾਲ ਹੋਣਗੇ ਅਤੇ ਆਉਣ ਵਾਲੇ ਸਮੇਂ ਦੌਰਾਨ ਹੋਰ ਜਾਣਕਾਰੀ ਉਪਲਬਧ ਹੋਵੇਗੀ।

ਜਦੋਂ ਤੱਕ ਅਸੀਂ ਹੌਲੀ ਹੌਲੀ ਅਤੇ ਟਿਕ ਕੇ ਚੱਲਾਂਗੇ, ਅਸੀਂ ਉੱਥੇ ਪਹੁੰਚ ਜਾਵਾਂਗੇ। ਇਸ ਹਫਤੇ ਟੀਚਰ ਤਿਆਰੀ ਕਰ ਰਹੇ ਹਨ ਅਤੇ ਬਿਲਕੁਲ ਨਵੀਂ ਤਰ੍ਹਾਂ ਦੇ ਸਕੂਲਾਂ ਨਾਲ ਆਪਣੀ ਜਾਣ ਪਛਾਣ ਕਰ ਰਹੇ ਹਨ। ਅਗਲੇ ਹਫਤੇ, ਜਦੋਂ ਮਾਪੇ ਆਉਣਗੇ, ਤਾਂ ਉਹਨਾਂ ਦਾ ਵੀ ਨਵੇਂ ਨਿੱਤਨੇਮਾਂ ਨਾਲ ਵਾਹ ਪਏਗਾ, ਅਤੇ ਸਾਨੂੰ ਤੁਹਾਡੇ ਧੀਰਜ ਅਤੇ ਸਮਰਥਨ ਦੀ ਲੋੜ ਹੋਵੇਗੀ। ਅਸੀਂ ਪਹਿਲਾਂ ਕਦੇ ਵੀ ਇਸ ਤਰ੍ਹਾਂ ਨਹੀਂ ਕੀਤਾ, ਇਸ ਲਈ ਅਸੀਂ ਸਾਰੇ ਇਕੱਠੇ ਸਿੱਖ ਰਹੇ ਹਾਂ। ਅਸੀਂ 1 ਜੂਨ ਨੂੰ ਸਤੰਬਰ ਦੇ ਸ਼ੁਰੂ ਵਾਂਗ ਲੈ ਰਹੇ ਹਾਂ, ਸਾਨੂੰ ਨਵੇਂ ਨਿੱਤਨੇਮ ਸਥਾਪਤ ਕਰਨੇ ਪੈਣਗੇ, ਸਾਨੂੰ ਇਹ ਜਾਣਨ ਦੀ ਲੋੜ ਹੋਵੇਗੀ ਕਿ ਇਸ ਮਰਜ਼ੀ ਨਾਲ ਆਉਣ ਦੇ ਪੜਾਅ ਦੌਰਾਨ ਕਿੰਨੇ ਵਿਦਿਆਰਥੀ ਆਉਣਗੇ, ਅਤੇ ਸਾਨੂੰ ਨਵੇਂ ਨਾਰਮਲ ਹਾਲਤਾਂ ਵਿੱਚ ਸ਼ੁਰੂ ਕਰਨ ਦੀ ਲੋੜ ਹੋਵੇਗੀ।

ਅਸੀਂ ਇਕ ਵਾਰ ਫਿਰ ਆਪਣੀਆਂ ਬਿਲਡਿੰਗਾਂ ਵਿੱਚ ਵੱਡੀ ਗਿਣਤੀ ਵਿੱਚ ਵਿਦਿਆਰਥੀਆਂ ਦੇ ਆਉਣ ਦੀ ਤਾਂਘ ਕਰ ਰਹੇ ਹਾਂ। ਇਹ ਦੇਖ ਸਕਣਾ ਮਹੱਤਵਪੂਰਨ ਹੈ ਕਿ ਸਤੰਬਰ ਵੱਲ ਦੇਖਦੇ ਹੋਏ ਅਸੀਂ ਆਪਣੇ ਆਪ ਨੂੰ ਕਿਸ ਤਰ੍ਹਾਂ ਢਾਲ ਸਕਦੇ ਹਾਂ। ਅਸੀਂ ਅਜੇ ਵੀ ਮਹਾਂਮਾਰੀ ਵਿੱਚ ਹਾਂ, ਅਸੀਂ ਅਜੇ ਵੀ ਸਿੱਖ ਰਹੇ ਹਾਂ, ਪਰ ਅਸੀਂ ਇਸ ਵਿੱਚ ਸਾਰੇ ਇਕੱਠੇ ਹਾਂ ਅਤੇ ਇਕੱਠੇ ਅਸੀਂ ਉੱਥੇ ਪਹੁੰਚ ਜਾਵਾਂਗੇ।

ਇਕ ਵਾਰ ਫਿਰ, ਇਸ ਹਫਤੇ ਵਿੱਚ ਆਪਣੇ ਸਕੂਲਾਂ ਤੋਂ ਆਉਣ ਵਾਲੀ ਹੋਰ ਜਾਣਕਾਰੀ ਦਾ ਧਿਆਨ ਰੱਖਿਓ। ਆਪਣਾ ਖਿਆਲ ਰੱਖਿਓ ਅਤੇ ਤੰਦਰੁਸਤ ਰਹਿਓ।